# ਸੋਹਣੂ ਦੀ ਬਕਰੀ

G 380



ਅਮਰ ਸਿੰਘ

੧ ਓ

ਬਾਲ ਬਗ਼ੀਚਾ

ਕਿਆਰੀ ਪਹਿਲੀ

ਫੁੱਲ ਪੰਜਵਾਂ

# ਸੋਹਣੂ ਦੀ ਬੱਕਰੀ

ਲੇਖਕ

ਸ: ਅਮਰ ਸਿੰਘ ਲਾਹੌਰ

DYAL ... LAHORE ... LIBRARY

ਪਰਕਾਸ਼ਕ

ਪੰਜਾਬੀ ਕਿਤਾਬ ਘਰ ਅੰਮ੍ਰਿਤਸਰ

ਜੁਲਾਈ ੧੯੩੪

ਪਹਿਲੀ ਵਾਰ ੧੦੦੦ ਮੁੱਲ =)

ਬਾਲ ਲਾਇਬਰੇਰੀ ਲੜੀ
24932

'ਗੁਰੂ ਖਾਲਸਾ ਪ੍ਰੈਸ' ਹਾਲ ਬਾਜ਼ਾਰ ਅੰਮ੍ਰਿਤਸਰ ਵਿਚ
ਸ੍ਰ: ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪਰਬੰਧ ਹੇਠ ਛਪੀ ॥

ਪਰਕਾਸ਼ਕ

ਲਾਲ ਸਿੰਘ ਗਿਆਨੀ ਬੀ.ਏ.
ਮੈਨੇਜਰ ਪੰਜਾਬੀ ਕਿਤਾਬ ਘਰ
ਅੰਮ੍ਰਿਤਸਰ

# ਲੱਧੇ ਦੀ ਧਾਰ

ਜੰਮੂਓਂ ਕਸ਼ਮੀਰ ਜਾਂਦਿਆਂ ਰਾਹ ਵਿੱਚ ਸੜਕ ਦੇ ਨਾਲ ਨਾਲ ਇੱਕ ਬੜੀ ਸੁੰਦਰ ਤੇ ਰਮਣੀਕ ਪਹਾੜਾਂ ਦੀ ਲੜੀ ਆਉਂਦੀ ਹੈ ਜਿਸ ਨੂੰ 'ਲੱਧੇ ਦੀ ਧਾਰ' ਆਖਦੇ ਨੇ। ਪੱਕੀ ਸੜਕ ਬਣਨ ਤੋਂ ਪਹਿਲਾਂ ਕਸ਼ਮੀਰ ਨੂੰ ਜਾਣ ਵਾਲਾ ਰਾਹ ਇਸ ਵਿੱਚੋਂ ਦੀ ਹੀ ਲੰਘਦਾ ਸੀ। ਇਹ ਧਾਰ ਬੜੀ ਸੋਹਣੀ ਹੈ। ਇਸ ਦੇ ਸੁੰਦਰ ਨਜ਼ਾਰੇ, ਰੰਗ ਰੰਗ ਦੀ ਹਰਿਆਵਲ ਤੇ ਵਨ ਵਨ ਦੇ ਰੁੱਖ ਤੇ ਸੁੰਦਰ ਚਸ਼ਮੇ ਵੇਖ ਵੇਖ ਕੇ ਦਿਲ ਨਹੀਂ ਰਜਦਾ। ਕਸ਼ਮੀਰ ਦੇ ਕਈ ਯਾਤਰੂ ਇਸ ਧਾਰ ਦੀ ਸੈਲ ਕਰਨ ਲਈ ਇਸ ਦੇ ਵਿੱਚੋਂ ਪੈਦਲ ਲੰਘਦੇ ਨੇ ਤੇ ਕਈਆਂ ਨੇ ਇਸ ਦੀਆਂ ਤਰੀਫ਼ਾਂ ਕੀਤੀਆਂ ਹਨ।

ਇਸ ਧਾਰ ਵਿੱਚ ਗੁੱਜਰਾਂ ਦਾ ਇੱਕ ਮੁੰਡਾ ਰਹਿੰਦਾ ਸੀ ਜਿਸ ਦਾ ਨਾਉਂ ਸੋਹਣੂ ਸੀ। ਉਸ ਦੀ ਇੱਕ ਭੈਣ ਵੀ ਸੀ ਜਿਸ ਦਾ ਨਾਮ ਰਾਮੀ ਸੀ। ਇਨ੍ਹਾਂ ਦਾ ਘਰ ਇੱਕ ਬੜੀ ਸੋਹਣੀ ਥਾਂ ਚੀਲ੍ਹ ਦੇ ਰੁੱਖਾਂ ਵਿੱਚ, ਪਹਾੜ ਦੇ ਹੇਠ ਇੱਕ

ਬਾਉਲੀ ਦੇ ਕੋਲ ਸੀ। ਨਾਲ ਦੋ ਚਾਰ ਘਰ ਹੋਰ ਵੀ ਸਨ।

ਇਨ੍ਹਾਂ ਦਾ ਘਰ ਸਾਡੇ ਘਰਾਂ ਵਾਂਗਰ ਦੋ ਚਾਰ ਛੱਤਾਂ ਉੱਚਾ ਤੇ ਪਧੀਰੀਆਂ ਛੱਤਾਂ ਵਾਲਾ ਨਹੀਂ ਸੀ। ਚਾਰ ਕੰਧਾਂ ਉਸਾਰ ਕੇ ਉੱਪਰ ਛੱਪਰ ਪਾ ਕੇ ਛੱਤਿਆ ਹੋਇਆ ਸੀ, ਜੇਹੜੇ ਛਤਰੀ ਵਾਂਗਰ ਉਸ ਉੱਤੇ ਮੀਂਹ ਤੇ ਬਰਫ਼ ਨਹੀਂ ਸਨ ਪੈਣ ਦੇਂਦੇ। ਬਾਰੀ ਕੋਈ ਹੈ ਹੀ ਨਹੀਂ ਸੀ ਤੇ ਬੂਹਾ ਵੀ ਇੱਕੋ ਸੀ।

ਹਰ ਸਾਲ ਗਰਮੀਆਂ ਨੂੰ ਯਾਤਰੂ ਇਸ ਰਾਹ ਲੰਘਦੇ ਤੇ ਇਸ ਥਾਂ ਦੀ ਸੁੰਦਰਤਾ ਵੇਖ ਕੇ ਕੁਝ ਚਿਰ ਏਥੇ ਹੀ ਰਹਿ ਪੈਂਦੇ। ਜੇਹੜੇ ਲੋਕੀ ਏਥੇ ਰਹਿੰਦੇ ਸਨ, ਸੋਹਣੂ ਉਨ੍ਹਾਂ ਨੂੰ ਰੋਜ਼ ਦੁੱਧ ਦੇਣ ਜਾਂਦਾ। ਸੋਹਣੂ ਨੇ ਇੱਕ ਬੱਕਰੀ ਪਾਲੀ ਹੋਈ ਸੀ ਜੇਹੜੀ ਹਰ ਵੇਲੇ ਉਸ ਦੇ ਮਗਰ ਮਗਰ ਪਈ ਫਿਰਦੀ ਸੀ।

ਸੋਹਣੂ ਦਾ ਬਾਪੂ ਰੋਜ਼ ਸਵੇਰੇ ਡੰਗਰ ਚੋਂਦਾ ਤੇ ਮਟਕੀ ਵਿੱਚ ਦੁੱਧ ਪਾ ਕੇ ਸੋਹਣੂ ਨੂੰ ਦੇ ਦਿੰਦਾ। ਉਹ ਮਟਕੀ ਸਿਰ ਤੇ ਰੱਖ ਕੇ ਸਹਿਜੇ ਸਹਿਜੇ ਪਹਾੜ ਦੀ ਚੜ੍ਹਾਈ ਚੜ੍ਹਦਾ ਤੇ ਜਾ ਕੇ ਲੋਕਾਂ ਨੂੰ ਦੁੱਧ ਦੇ ਆਉਂਦਾ।



ਬੱਕਰੀ ਵੀ ਡੰਗਰਾਂ ਦੇ ਕੋਲ ਬੈਠੀ ਉਡੀਕਦੀ ਰਹਿੰਦੀ ਤੇ ਜਿਸ ਵੇਲੇ ਸੋਹਣੂ ਤੁਰਦਾ, ਝੱਟ ਉੱਠ ਕੇ ਉਸ ਦੇ ਨਾਲ ਹੋ ਪੈਂਦੀ ਤੇ ਉਸ ਦੇ ਨਾਲ ਹੀ ਪਰਤ ਕੇ ਆ ਜਾਂਦੀ।

ਕਈ ਵਾਰੀ ਬਕਰੀ ਨਚਦੀ ਟਪਦੀ ਅੱਗੇ ਲੰਘ ਜਾਂਦੀ ਤੇ ਏਧਰ ਓਧਰ ਜੰਗਲ ਵਿੱਚ ਚੁਗਣ ਲਗ ਪੈਂਦੀ ਤੇ ਸੋਹਣੂ ਦੀਆਂ ਨਜ਼ਰਾਂ ਤੋਂ ਉਹਲੇ ਹੋ ਜਾਂਦੀ। ਸੋਹਣੂ ਵੀ ਹਰ ਵੇਲੇ ਬੱਕਰੀ ਦਾ ਧਿਆਨ ਰਖਦਾ। ਜਦ ਉਸ ਨੂੰ ਨਾ ਵੇਖਦਾ ਤਾਂ ਛਈ,ਛਈ ਕਰ ਕੇ ਅਵਾਜ਼ ਮਾਰਦਾ। ਬੱਕਰੀ ਉਸ ਦੀ ਅਵਾਜ਼ ਸੁਣ ਕੇ ਝੱਟ ਆ ਜਾਂਦੀ।

ਦੁੱਧ ਦੇ ਕੇ ਪਰਤਣ ਵੇਲੇ ਤਾਂ ਉਹ ਦੋਵੇਂ ਕਈ ਖੇਡਾਂ ਖੇਡਦੇ। ਕਦੀ ਸੋਹਣੂ ਕਿਸੇ ਵੱਡੇ ਸਾਰੇ ਰੁੱਖ ਦੇ ਉਹਲੇ ਹੋ ਕੇ ਬੈਠ ਜਾਂਦਾ ਤੇ ਬੱਕਰੀ ਜਿਸ ਦਾ ਨਾਮ ਉਸ ਨੇ ਬੱਗੀ ਰੱਖਿਆ ਹੋਇਆ ਸੀ ਏਧਰ ਓਧਰ ਪਈ ਚੁਗਦੀ। ਜਦ ਉਸ ਨੂੰ ਸੋਹਣੂ ਨਜ਼ਰ ਨਾ ਆਉਂਦਾ ਤਾਂ ਉਹ ਮੈਂ ਮੈਂ ਕਰ ਕੇ ਏਧਰ ਓਧਰ ਨਸਦੀ ਭਜਦੀ। ਓਧਰੋਂ ਸੋਹਣੂ 'ਛਈ ਬੱਗੀ, ਛਈ ਬੱਗੀ' ਕਰੀ ਜਾਂਦਾ। ਓੜਕ ਨੂੰ ਬੱਗੀ ਸੋਹਣੂ ਨੂੰ ਲੱਭ ਹੀ ਲੈਂਦੀ।

ਕਈ ਵਾਰੀ ਸੋਹਣੂ ਪਲਾਕੀ ਮਾਰ ਕੇ ਬੱਕਰੀ ਤੇ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.